# ਇਕਰਾਰਨਾਮਾ

ਇਹ ਇਕਰਾਰਨਾਮਾ ਅੱਜ ਮਿਤੀ........................................ ਨੂੰ ਪੰਜਾਬ ਸਿੱਖਿਆ ਵਿਕਾਸ ਬੋਰਡ ਰਾਹੀ ਮੈਂਬਰ ਸਕੱਤਰ ............................................... (ਜਿਸ ਨੂੰ ਇਸ ਉਪਰੰਤ ਪਹਿਲੀ ਧਿਰ ਕਿਹਾ ਗਿਆ ਹੈ) ਅਤੇ ............................................................ ................................................ (ਪ੍ਰਾਈਵੇਟ ਪਾਟਨਰਜ਼), ਜਿਸ ਦਾ ਰਜਿਸਟਰਡ ਦਫਤਰ ......................ਜ਼ਿਲ੍ਹਾ.......................... ਵਿਖੇ ਹੈ ਰਾਹੀ .............................. ....................................., ਜੋ ਸੁਸਾਇਟੀ ਰਜਿਟਰੇਸ਼ਨ ਐਕਟ 1860 ਦੀਆਂ ਧਾਰਾਵਾਂ ਤਹਿਤ ਬਤੌਰ ਸੁਸਾਇਟੀ ਪੰਜੀਕਰਿਤ ਹੋਈ ਹੈ (ਜਿਸ ਨੂੰ ਇਸ ਉਪਰੰਤ ਦੂਜੀ ਧਿਰ ਕਿਹਾ ਗਿਆ ਹੈ) ਵਿਚਕਾਰ ਕੀਤਾ ਗਿਆ ਹੈ।

ਇਹ ਕਿ ਪਹਿਲੀ ਧਿਰ ਦੂਜੀ ਧਿਰ ਦੀ ਬੇਨਤੀ ਤੇ ਸਹਿਮਤ ਹੈ ਕਿ ਪਟਾਨਾਮਾ ਜੋ ਕਿ ਅਲੱਗ ਤੌਰ ਤੇ ਸਹੀ ਕੀਤਾ ਜਾਣ ਹੈ, ਵਿੱਚ ਦਰਜ ਜ਼ਮੀਨ ਦੇ ਟੁਕੜੇ ਨੂੰ ਉਨ੍ਹਾਂ ਸ਼ਰਤਾਂ ਤੇ ਜੋ ਪਟਾਨਾਮਾ ਵਿਚ ਦਰਜ ਹਨ, ਦੂਜੀ ਧਿਰ ਨੂੰ ਦੇ ਦਿੱਤਾ ਜਾਵੇ।

ਇਹ ਕਿ ਇਹ ਵੀ ਮੰਨਿਆ ਗਿਆ ਹੈ ਕਿ ਜ਼ਮੀਨ ਦਾ ਉਹ ਟੁੱਕੜਾ ਦੂਜੀ ਧਿਰ ਵੱਲੋ ਆਦਰਸ਼ ਸਕੂਲ ਦੀ ਬਿਲਡਿੰਗ ਬਨਾਉਣ ਅਤੇ ਸਕੂਲ ਦੀਆਂ ਹੋਰ ਜਰੂਰਤਾਂ ਲਈ ਹੀ ਵਰਤਿਆ ਜਾਵੇਗਾ। ਦੋਵੇ ਧਿਰਾਂ ਨੇ ਇਹ ਮੰਨ ਲਿਆ ਹੈ ਕਿ ਦੂਜੀ ਧਿਰ ਵੱਲੋ ਜ਼ਮੀਨ ਦਾ ਕਬਜਾ ਲੈਣ ਉਪਰੰਤ 18 ਮਹੀਨਿਆਂ ਦੇ ਅੰਦਰ – ਅੰਦਰ ਬਿਲਡਿੰਗ ਬਣਾਈ ਜਾਵੇਗੀ ।

## ਹੁਣ ਇਹ ਇਕਰਾਰਨਾਮਾ ਹੇਠ ਲਿਖੀ ਹਾਮੀ ਭਰਦਾ ਹੈ :–

ਗ੍ਰਾਮ ਪੰਚਾਇਤ ...................., ਬਲਾਕ ...................., ਜਿਲ੍ਹਾ .................. ਦੀ ਸ਼ਾਮਲਾਤ ਜ਼ਮੀਨ ਖੇਵਟ ਨੰ: .............. ਖਤੌਨੀ ਨੰ:........, ਖਸਰਾ ਨੰ:..........................................ਕੁਲ ...............ਕਨਾਲ.............ਮਰਲਾ......... ਦੀ ਜ਼ਮੀਨ ਜੋ ਆਦਰਸ਼ ਸਕੂਲ ਬਣਾਉਣ ਲਈ ਦਿੱਤੀ ਗਈ ਹੈ।

1. ਪਹਿਲੀ ਧਿਰ ਵਲੋ ਜ਼ਮੀਨ ਦੇ ਟੁਕੜੇ, ਜੋ ਕਿ ਉਪਰ ਦੱਸਿਆ ਗਿਆ ਹੈ , ਨੂੰ ਦੂਜੀ ਧਿਰ ਨੂੰ ਪੱਟੇ ਤੇ ਦੇਣ ਲਈ ਸਹਿਮਤੀ ਸਬੰਧੀ ਵਿਚਾਰ ਤੇ ਦੂਜੀ ਧਿਰ ਹੇਠ ਅਨੁਸਾਰ ਬੋਰਡ ਨਾਲ ਇਕਰਾਰ ਕਰਦੀ ਹੈ :-

(i) ਦੂਜੀ ਧਿਰ ਜ਼ਮੀਨ ਦਾ ਇਹ ਟੁਕੜਾ ਆਦਰਸ਼ ਸਕੂਲ ਸਥਾਪਤ ਕਰਨ ਲਈ ਇਮਾਰਤਾਂ ਉਸਾਰਨ ਲਈ ਅਤੇ ਇਸ ਮੰਤਵ ਲਈ ਜੋ ਵੀ ਬੁਨਿਆਦੀ ਢਾਂਚਾ ਚਾਹੀਦਾ ਹੋਵੇਗਾ ਮੁਹੱਈਆ ਕਰਵਾਉਣ ਲਈ ਵਰਤੇਗਾ । ਇਸ ਤੋਂ ਇਲਾਵਾ ਇਹ ਕਿਸੇ ਹੋਰ ਮਕਸਦ ਲਈ ਨਹੀਂ ਵਰਤੇਗੀ ।

(ii) ਇਹ ਕਿ ਉਹ ਸਾਰੀ ਠੋਸ ਜਾਇਦਾਦ ਸਮੇਤ ਜ਼ਮੀਨ, ਇਮਾਰਤ ਅਤੇ ਹੋਰ ਢਾਂਚਾ , ਜੋ ਇਸ ਜ਼ਮੀਨ ਉੱਤੇ ਸਥਿਤ ਹੋਵੇਗਾ, ਬੋਰਡ ਨੂੰ ਰਹਿਨ ਕਰੇਗੀ ।

(iii) ਇਹ ਕਿ ਉਹ ਸਾਰੀ ਜਾਇਦਾਦ ਜਿਹੜੀ ਪਹਿਲੀ ਧਿਰ ਦੇ ਨਾ ਤੇ ਰਹਿਨ ਕੀਤੀ ਗਈ ਹੈ ਹੱਰ ਪੱਖੋ ਭਾਰ ਮੁਕਤ ਰੱਖੀ ਜਾਵੇਗੀ ਅਤੇ ਇਸ ਨੂੰ ਕਿਸੇ ਵੀ ਕਾਰਨ ਕਰਕੇ ਕਿਸੇ ਹੋਰ ਕੋਲ ਬਤੌਰ ਸਕਿਉਰਟੀ ਕਿਸੇ ਵੀ ਮੰਤਵ ਜਾਂ ਕਰਜ਼ਾ ਲੈਣ ਵਾਸਤੇ ਰਹਿਨ ਨਹੀਂ ਕਰੇਗੀ ।

(iv) ਇਹ ਕਿ ਇਨ੍ਹਾਂ ਆਦਰਸ਼ ਸਕੂਲਾਂ ਵਿਚ ਦੁਸਰੀ ਧਿਰ ਰਾਹੀ ਵਿਦਿਆ ਪ੍ਰਦਾਨ ਕਰਵਾਈ ਜਾਵੇਗੀ ਜਿਸ ਲਈ ਉਹ ਚੰਗੀ ਵਿਦਿਆ ਪ੍ਰਦਾਨ ਕਰਵਾਉਣ ਲਈ ਅਤੇ ਚੰਗੇ ਨਤੀਜਿਆ ਦਾ ਮੁਲਅੰਕਣ ਪਹਿਲੀ ਧਿਰ ਵੱਲੋ ਸਮੇ ਸਮੇ ਸਿਰ ਨਿਰਧਾਰਤ ਹੋਵੇਗਾ ਲਈ ਜਿੰਮੇਵਾਰ ਹੋਵੇਗੀ ।

(v) ਇਹ ਕਿ ਜੇਕਰ ਕਿਸੇ ਵੀ ਕਾਰਨ ਕਰਕੇ ਇਹ ਸਕੀਮ ਬੰਦ ਹੋ ਜਾਦੀ ਹੈ ਜਾਂ ਤਜਵੀਜ਼ਤ ਆਦਰਸ਼ ਸਕੂਲ ਸਥਾਪਨਾ ਉਪਰੰਤ ਬੰਦ ਹੋ ਜਾਂਦਾ ਹੈ ਜਾਂ ਦੂਜੀ ਧਿਰ ਵੱਲੋ ਕੋਈ ਅਣਗਹਿਲੀ ਹੋ ਜਾਂਦੀ ਹੈ ਜਾਂ ਇਸ ਇਕਰਾਰਨਾਮੇ ਜਾ ਪਟੇ ਦੇ ਕਿਸੇ ਵੀ ਇਕਰਾਰ ਜਾਂ ਸ਼ਰਤ ਦੀ ਦੂਜੀ ਧਿਰ ਵੱਲੋ ਉਲੰਘਣਾ ਕੀਤੀ ਜਾਂਦੀ ਹੈ ਤਾਂ ਪਹਿਲੀ ਧਿਰ ਪੱਟਾਨਾਮਾ ਨੂੰ ਨਿਸਚਿਤ ਮਿਤੀ ਤੋਂ ਪਹਿਲਾ ਰੱਦ ਕਰ ਸਕਦੀ ਹੈ ਅਤੇ ਆਜਿਹੀ ਹਾਲਤ ਵਿਚ ਪਟੇ ਅਤੇ ਇਕਰਾਰਨਾਮੇ ਦੀਆਂ ਸ਼ਰਤਾਂ ਅਨੁਸਾਰ ਬਣਦੀ ਕਾਰਵਾਈ ਕੀਤੀ ਜਾਵੇਗੀ ਅਤੇ ਇਸ ਸਬੰਧੀ ਪਹਿਲੀ ਧਿਰ / ਸਰਕਾਰ ਦਾ ਫੈਸਲਾ ਅੰਤਿਮ ਮੰਨਿਆ ਜਾਵੇਗਾ।

(vi) ਇਹ ਕਿ ਸਕੀਮ ਬੰਦ ਹੋਣ ਦੀ ਹਾਲਤ ਵਿਚ ਬਣਦਾ ਹਰਜਾਨਾ ਜਿਹੜਾ ਕਿ ਲੋਕ ਨਿਰਮਾਣ ਵਿਭਾਗ (ਭ.ਤੇ ਮ. ਸ਼ਾਖਾ) ਵੱਲੋ ਇਸ ਬਿਲਡਿੰਗ , ਪਾਣੀ ਦੀਆਂ ਪਾਈਪਸ ਅਤੇ ਬੁਨਿਆਦੀ

ਢਾਂਚੇ ਬਾਰੇ ਨਿਸਚਿਤ ਕਰਦਾ ਹੈ, ਉਹ ਦੂਜੀ ਧਿਰ ਨੂੰ ਦਿੱਤਾ ਜਾਵੇਗਾ ਜਾਂ ਪਹਿਲੀ ਧਿਰ ਨੂੰ ਅਧਿਕਾਰ ਹੋਵੇਗਾ ਕਿ ਉਹ ਆਦਰਸ਼ ਸਕੂਲ ਜੋ ਬਣਾਇਆ ਗਿਆ ਹੈ, ਦਾ ਕਬਜ਼ਾ ਲੈ ਸਕਦੀ ਹੈ ਅਤੇ ਅਪਣੇ ਆਪ ਚਲਾ ਸਕਦੀ ਹੈ।

(vii) ਇਹ ਕਿ ਜੇਕਰ ਧਾਰਾ (vi) ਦੀ ਸੂਰਤ ਵਿੱਚ ਜਾਂ ਕਿਸੇ ਹੋਰ ਕਾਰਨਾਂ ਵਿੱਚ ਦੂਜੀ ਧਿਰ ਵਲੋਂ ਆਦਰਸ਼ ਸਕੂਲ ਆਪਣੇ ਖ਼ਰਚੇ ਤੇ ਚਲਾਉਣ ਦੀ ਸਹਿਮਤੀ ਪ੍ਰਗਟਾਈ ਜਾਂਦੀ ਹੈ ਅਤੇ ਆਦਰਸ਼ ਸਕੂਲ ਚਲਾਇਆ ਜਾਂਦਾ ਹੈ ਤਾਂ ਉਸ ਸੂਰਤ ਵਿੱਚ ਲੀਜ਼ ਡੀਡ ਪਹਿਲਾਂ ਦੀ ਤਰ੍ਹਾਂ ਅਤੇ ਉਨ੍ਹਾਂ ਰੇਟਾਂ ਤੇ ਹੀ ਚਾਲੂ ਰਹੇਗੀ। ਪ੍ਰੰਤੂ ਦੂਜੀ ਧਿਰ ਵਲੋਂ ਪਿੱਛਲੇ ਸਾਲ ਕੀਤੇ ਖ਼ਰਚੇ ਦਾ ਵੇਰਵਾ ਪਹਿਲੀ ਧਿਰ ਨੂੰ ਦੇਣਾ ਹੋਵੇਗਾ , ਜਿਸ ਦੇ ਆਧਾਰ ਤੇ ਅੱਗਲੇ ਸਾਲ ਵਿਚ ਵਿਦਿਆਰਥੀਆਂ ਤੋਂ ਲੈਣ ਵਾਲੀ ਫ਼ੀਸ ਦੇ ਰੇਟ ਪਹਿਲੀ ਧਿਰ ਵਲੋਂ ਪ੍ਰਵਾਨ ਕੀਤੇ ਜਾਣਗੇ। ਦੂਜੀ ਧਿਰ ਵਿਦਿਆਰਥੀਆਂ ਤੋਂ ਪਹਿਲੀ ਧਿਰ ਵਲੋ ਪ੍ਰਵਾਨ ਦਰਾਂ ਤੇ ਹੀ ਫ਼ੀਸ ਚਾਰਜ ਕਰੇਗੀ।

2. ਦੋਵੇਂ ਧਿਰਾਂ ਅੱਗੇ ਇਸ ਤਰ੍ਹਾਂ ਸਹਿਮਤ ਹਨ:-

(i) ਇਹ ਕਿ ਦੂਜੀ ਧਿਰ ਪਹਿਲੀ ਧਿਰ ਵੱਲੋ ਪੰਜਾਬ ਸਿੱਖਿਆ ਵਿਕਾਸ ਐਕਟ 1998, ਜਿਵੇਂ ਇਹ ਸਮੇਂ-ਸਮੇਂ ਤੇ ਸੋਧਿਆ ਜਾਵੇਗਾ, ਵਿਚ ਅੰਕਿਤ ਮੰਤਵ ਨੂੰ ਪ੍ਰਾਪਤ ਕਰਨ ਲਈ ਸਮੇਂ ਸਮੇਂ ਸਿਰ ਦਿੱਤੀਆਂ ਗਈਆਂ ਹਦਾਇਤਾਂ ਅਤੇ ਪਟੇਨਾਮੇ ਦੀਆਂ ਸ਼ਰਤਾਂ ਨੂੰ ਪੂਰੀ ਦਿਆਨਤਦਾਰੀ ਨਾਲ ਲਾਗੂ ਕਰੇਗੀ ਅਤੇ ਕੋਈ ਉਲੰਘਣਾ, ਉਣਤਾਈ ਅਤੇ ਅਸਾਵਧਾਨੀ ਵਰਤਨ ਲਈ ਪੂਰੀ ਜਿੰਮੇਵਾਰ ਹੋਵੇਗੀ।

(ii) ਇਹ ਕਿ ਕਿਸੇ ਵੀ ਸਮੇਂ ਇਸ ਇਕਰਾਰਨਾਮੇ ਅਤੇ ਪਟੇ ਦੀਆਂ ਸ਼ਰਤਾਂ ਨੂੰ ਲੈ ਕੇ ਜੇ ਕੋਈ ਪਹਿਲੀ ਧਿਰ ਅਤੇ ਦੂਜੀ ਧਿਰ ਵਿਚ ਕਿਸੇ ਕਿਸਮ ਦਾ ਸਵਾਲ, ਸ਼ੱਕ ਜਾਂ ਝਗੜਾ ਪੈਂਦਾ ਹੋਵੇ ਤਾਂ ਉਹ ਸਾਲਸੀ ਨੂੰ ਸੌਂਪਿਆ ਜਾਵੇਗਾ । ਹਰ ਇਕ ਧਿਰ ਆਪਣਾ ਸਾਲਸੀ ਨਿਯੁਕਤ ਕਰੇਗੀ ਅਤੇ ਦੋਵੇਂ ਸਾਲਸੀ ਮਿਲਕੇ ਇਕ ਤੀਸਰਾ ਸਾਲਸੀ ਨਿਯੁਕਤ ਕਰਨਗੇ । ਇਹ ਸਾਲਸ ਆਰਬੀਟੇਸ਼ਨ ਐਂਡ ਕੰਨਸੀਲੇਸਨ ਐਕਟ 1996 ਤਹਿਤ ਹੋਵੇਗੀ ਅਤੇ ਸਾਲਸੀਆਂ ਦਾ ਫੈਸਲਾ ਦੋਹਾਂ ਧਿਰਾਂ ਮੰਨਣ ਲਈ ਪਾਬੰਦ ਹੋਣਗੀਆਂ।

ਬਸ਼ਰਤੇ ਕਿ ਹਮੇਸ਼ਾ ਲਈ 'ਪਹਿਲੀ ਧਿਰ' ਅਤੇ 'ਦੂਜੀ ਧਿਰ' 'ਲਫਜ਼' ਜੋ ਕਿ ਇਸ ਇਕਰਾਰਨਾਮੇ ਵਿਚ ਇਸਤੇਮਾਲ ਕੀਤੇ ਗਏ ਹਨ ਉਹਨ੍ਹਾਂ ਦੇ ਸ਼ਪੱਸ਼ਟੀਕਰਨ/ ਇੰਨਟਰਪਟੇਸ਼ਨ

ਦੀ ਜਦੋਂ ਵੀ ਲੋੜ ਪਵੇ ਤਾਂ ਉਸ ਦੇ ਸੰਪੂਰਨ ਮੁਮਕਿਨ ਪ੍ਰਭਾਵ ਵਿਚ ਉਨ੍ਹਾਂ ਦੇ ਕ੍ਰਮਵਾਰ ਪ੍ਰਸ਼ਾਸਕ, ਸਪੁਰਦਾਰ ਅਤੇ ਪ੍ਰਤੀਨਿਧੀ ਸ਼ਾਮਲ ਹੋਣਗੇ।

(iii) ਇਹ ਕਿ ਇਸ ਇਕਰਾਰਨਾਮੇ ਅਤੇ ਪਟੇਨਾਮੇ ਜਾਂ ਇਸ ਵਿਸ਼ਾ ਸਬੰਧੀ ਲਾਗਵਾਂ ਮਾਮਲਾ ਦੀਆਂ ਸ਼ਰਤਾਂ ਅਧੀਨ ਦੋਹਾਂ ਧਿਰਾਂ ਦੇ ਵਿੱਤੀ, ਪ੍ਰਸਾਸਨਿਕ ਅਤੇ ਸਾਈਲੇਬਸ ਸਬੰਧ ਉਸ ਤਰਾਂ ਹੋਣਗੇ ਜਿਸ ਤਰ੍ਹਾਂ ਬੋਰਡ ਵਲੋਂ ਗਠਿਤ ਕਮੇਟੀ, ਜਿਸ ਵਿੱਚ ਬੋਰਡ ਅਤੇ ਪ੍ਰਾਈਵੇਟ ਪਾਰਟਨਰਜ਼ ਦੇ ਨੁਮਾਇੰਦੇ ਹੋਣਗੇ, ਦੀਆਂ ਸਿਫਾਰਸ਼ਾਂ ਤੇ ਸਮੇਂ-ਸਮੇਂ ਸਿਰ ਨਿਰਧਾਰਿਤ ਗਾਈਡ-ਲਾਈਨਜ਼ ਮੁਤਾਬਕ ਹੋਣਗੇ।

(iv) ਇਸ ਇਕਰਾਰਨਾਮੇ ਵਿਚ ਦੱਸੀਆਂ ਗਈਆਂ ਸ਼ਰਤਾਂ ਦੁਆਰਾ ਕੀਤੀ ਜਾਣ ਵਾਲੀ ਕਾਰਵਾਈ ਤੋਂ ਮੁਤੱਅਸਬ ਹੋਏ ਬਿਨ੍ਹਾਂ ਜੇਕਰ ਦੂਸਰੀ ਧਿਰ ਆਪਣੀਆਂ ਇਕਰਾਰਨਾਮੇ ਅਨੁਸਾਰ ਜਿੰਮੇਵਾਰੀਆਂ ਨਿਭਾਉਣ ਤੋ ਅਸਮਰਥ ਰਹਿੰਦੀ ਹੈ ਤਾਂ ਉਸ ਕਾਰਨ ਹੋਏ ਨੁਕਸਾਨ ਦੀ ਭਰਪਾਈ ਕਰਵਾਉਣ ਲਈ ਪਹਿਲੀ ਧਿਰ ਨੂੰ ਪੂਰੀ ਖੁਲ੍ਹ ਹੋਵੇਗੀ ।

(v) (i) ਇਹ ਕਿ ਜੋ ਆਦਰਸ਼ ਸਕੂਲ ਬਨਾਇਆ ਗਿਆ ਹੈ ਉਹ ਪ੍ਰੀ-ਨਰਸਰੀ ਤੋ ਦਸਵੀ ਜਮ੍ਹਾਂ 2 ਤੱਕ ਹੋਵੇਗਾ ਅਤੇ ਇਸ ਵਿਚ ਵਿਦਿਆਰਥੀਆਂ ਪਾਸੋ ਕੋਈ ਵੀ ਫੀਸ ਜਾਂ ਫੰਡ ਆਦਿ ਨਹੀ ਲਈ ਜਾਵੇਗੀ। ਇਕ ਆਦਰਸ਼ ਸਕੂਲ ਵਿਚ 2000 ਤੱਕ ਵਿਦਿਆਰਥੀ ਹੋਣਗੇ ।

**(ii) ਜ਼ਮੀਨ ਲਈ ਉਪਬੰਧ**:-ਇਹ ਕਿ ਪਹਿਲੀ ਪਾਰਟੀ ਵੱਲੋ ਜ਼ਮੀਨ 50/- ਰੁਪਏ ਪ੍ਰਤੀ ਏਕੜ, ਪ੍ਰਤੀ ਸਾਲ 99 ਸਾਲਾ ਲਈ ਪਟੇਨਾਮਾ ਤੇ ਦਿੱਤੀ ਜਾਵੇਗੀ ਅਤੇ ਇਸ ਪਟੇਨਾਮੇ ਦਾ ਨਵਿਆਉਣ ਦੋਹਾਂ ਧਿਰਾਂ ਦੀ ਆਪਸੀ ਸਹਿਮਤੀ ਨਾਲ ਕੀਤਾ ਜਾ ਸਕਦਾ ਹੈ ।

**(i) ਪ੍ਰਬੰਧਨ ਸਿਸਟਮ**:-ਇਹ ਕਿ ਮੈਨੇਜਮੈਂਟ ਸਿਸਟਮ ਦੋ ਟਾਇਰ ਮੈਨਜਮੈਂਟ ਹੋਵੇਗੀ ਰਾਜ ਪੱਧਰ ਮੈਨੇਜਮੈਂਟ ਤੇ ਸਕੂਲ ਪੱਧਰ ਮੈਨੇਜਮੈਂਟ ।

**ਰਾਜ ਪੱਧਰ ਮੈਨੇਜਮੈਂਟ** ਇਹ ਕਿ ਬਾਡੀ ਦਾ ਸਾਰਾ ਢਾਂਚਾ ਪੰਜਾਬ ਸਿੱਖਿਆ ਵਿਕਾਸ ਬੋਰਡ ਜੋ ਕਿ ਪੰਜਾਬ ਸਿੱਖਿਆ ਵਿਕਾਸ ਐਕਟ 1998 ਤਹਿਤ ਬਣਾਇਆ ਗਿਆ ਹੈ, ਹੋਵੇਗਾ। ਬੋਰਡ ਦਾ ਸਬੰਧ ਮੁੱਖ ਤੌਰ ਤੇ ਇਸ ਤਰ੍ਹਾ ਹੋਵੇਗਾ:-

ੳ) ਆਦਰਸ਼ ਸਕੂਲਾਂ ਨਾਲ ਸਬੰਧਤ ਸਟੇਟ ਲੈਵਲ ਦੀ ਨੀਤੀ ;

ਅ) ਦੂਜੀ ਧਿਰ ਨੂੰ ਸਮੇ ਸਮੇ ਸਿਰ ਕੈਪੀਟਲ ਆਊਟਲੇ ਅਤੇ ਵਿਵਹਾਰਕ ਖ਼ਰਚੇ ਦੀ ਗਰਾਂਟ ਮਿੱਥੇ ਸਮੇਂ ਅਨੁਸਾਰ ਦੇਣਾ ;

ੲ) ਆਦਰਸ਼ ਸਕੂਲਾਂ ਦੇ ਉਦੇਸਾਂ ਨੂੰ ਪੂਰਾ ਕਰਨ ਲਈ ਯੋਗ ਤੇ ਪੂਰਾ ਕੰਮ ਕਰਨਾ ਅਤੇ ਸਾਲਾਨਾ ਵਿਸਥਾਰ ਪੂਰਵਕ ਰਿਪੋਰਟਾਂ ਤਿਆਰ ਕਰਨਾ;

ਸ) ਆਦਰਸ਼ ਸਕੂਲਾਂ ਦੇ ਟੀਚੇ ਦੀ ਪ੍ਰਾਪਤੀ ਸਬੰਧੀ ਅੰਕਣਯੋਗ ਯੋਗਤਾਵਾਂ ਨਿਸ਼ਚਿਤ ਕਰਨਾ ;

ਹ) ਆਦਰਸ਼ ਸਕੂਲਾਂ ਦਾ ਚਾਰਜ ਲੈਣ ਜਿਸ ਵਿਚ ਜ਼ਮੀਨ ਵੀ ਸ਼ਾਮਲ ਹੈ, ਬਿਲਡਿੰਗ ਤੇ ਹੋਰ ਸਮਾਨ , ਜੇਕਰ ਦੂਜੀ ਧਿਰ ਆਰਥਕ ਅਤੇ ਹੋਰ ਮਾਮਲਿਆ ਵਿਚ ਲਗਾਤਾਰ ਕੁਤਾਹੀ ਕਰਦਾ ਹੈ ਅਤੇ

ਕ) ਹੋਰ ਕੋਈ ਕੰਮ ਜੋ ਲੋਕਲ ਮੈਨਜਮੈਨਟ ਦੀ ਹੱਦ ਤੋਂ ਬਾਹਰ ਹੋਵੇ ਅਤੇ ਪਹਿਲੀ ਧਿਰ ਇਸ ਨੂੰ ਸਮੇ ਸਮੇ ਮੁਤਾਬਕ ਇਸ ਦਾ ਫੈਸਲਾ ਕਰਦੀ ਹੈ ।

3. ਸਕੂਲ ਪੱਧਰੀ ਮੈਨੇਜਮੈਂਟ : - ਸਕੂਲ ਪੱਧਰ ਦਾ ਪ੍ਰਸਾਸਨ ਪੂਰੇ ਪ੍ਰਭਾਵੀ ਤੌਰ ਤੇ ਦੂਜੀ ਧਿਰ ਦੇ ਕੋਲ ਹੋਵੇਗਾ , ਉਹ ਸੁਸਾਇਟੀ ਰਜਿਸਟਰੇਸਨ ਐਕਟ 1860 ਅਧੀਨ ਇਸ ਮੰਤਵ ਲਈ ਵੱਖਰੀ ਸੁਸਾਇਟੀ ਜਾਂ ਟਰੱਸਟ ਬਨਾਉਣ ਲਈ ਆਜਾਦ ਹੋਵੇਗੀ । ਉਨ੍ਹਾਂ ਨੂੰ ਆਪਣਾ ਮੌਜੂਦਾ ਅਸਤਿਤਵ ਇਸਤੇਮਾਲ ਕਰਨ ਵਿਚ ਵੀ ਕੋਈ ਇਤਰਾਜ ਨਹੀ ਹੋਵੇਗਾ ।ਆਦਰਸ਼ ਸਕੂਲ ਨੂੰ ਓਪਰੇਸ਼ਨਲ ਲੈਵਲ ਤੇ ਅਸਰਦਾਰ ਤਰੀਕੇ ਨਾਲ ਚਲਾਉਣ ਲਈ ਸੰਪੂਰਨ ਅਧਿਕਾਰ ਦੂਜੀ ਧਿਰ ਪਾਸ ਹੋਣਗੇ ਅਤੇ ਇਸ ਬਾਰੇ ਉਸ ਦੀ ਨਿਰੋਲ ਜਿੰਮੇਵਾਰੀ ਹੋਵੇਗੀ ।

## 4. ਵਿੱਤੀ ਪ੍ਰਬੰਧ:-

i. ਇਹ ਕਿ 2000 ਵਿਦਿਆਰਥੀਆਂ ਲਈ ਆਦਰਸ਼ ਸਕੂਲ ਦੀ ਇਮਾਰਤ ਤੇ ਉਸਾਰੀ ਤੇ ਆਉਣ ਵਾਲੇ ਖਰਚੇ ਦੀ ਸੀਮਾ 7.50 ਕਰੋੜ ਰੁਪਏ ਜਾ ਉਸ ਤੋਂ ਵੱਧ ਅਨੁਮਾਨਤ ਆਉਣ ਵਾਲਾ ਖਰਚਾ 50:50 ਦੇ ਆਧਾਰ ਤੇ ਪਹਿਲੀ ਅਤੇ ਦੂਜੀ ਧਿਰ ਸਹਿਨ ਕਰੇਗੀ ਪਰ ਪਹਿਲੀ ਧਿਰ ਦਾ ਹਿੱਸਾ ਕਿਸੇ ਵੀ ਹਾਲਤ ਵਿਚ 3.75 ਕਰੋੜ ਰੁਪਏ ਜਾਂ 50 ਪ੍ਰਤੀਸਤ ਤੱਕ ਜੋ ਵੀ ਘੱਟ ਹੋਵੇ ਤੱਕ ਸੀਮਤ ਹੋਵੇਗਾ। ਜੇਕਰ 7.50 ਕਰੋੜ ਰੁਪਏ ਤੋ ਵੱਧ ਖਰਚਾ ਹੁੰਦਾ ਹੈ ਤਾਂ ਉਹ ਸਾਰਾ ਖਰਚਾ ਦੂਜੀ ਧਿਰ ਵਲੋਂ ਹੀ ਕੀਤਾ ਜਾਵੇਗਾ।

ii. ਇਹ ਕਿ ਦੂਜੀ ਧਿਰ ਪਹਿਲਾਂ 50.00 ਲੱਖ ਰੁਪਏ ਦਾ ਖਰਚਾ ਕਰੇਗੀ ਅਤੇ ਇਸ ਖ਼ਰਚੇ ਦਾ ਸਬੂਤ ਪਹਿਲੀ ਧਿਰ ਨੂੰ ਉਪਲੱਬਧ ਕਰਵਾਉਂਣ ਉਪਰੰਤ ਪਹਿਲੀ ਧਿਰ ਵਲੋਂ 50 ਲੱਖ ਰੁਪਏ ਦਾ ਅੱਧ 25 ਲੱਖ ਰੁਪਏ ਦੂਜੀ ਧਿਰ ਨੂੰ ਦਿੱਤਾ ਜਾਵੇਗਾ ਅਤੇ ਇਸੇ ਤਰਾਂ ਖ਼ਰਚਾ ਕਰਨ ਉਪਰੰਤ ਅਗਲਾ ਖ਼ਰਚਾ ਕਲੇਮ ਕੀਤਾ ਜਾਵੇਗਾ।

iii. ਇਹ ਕਿ ਆਦਰਸ਼ ਸਕੂਲ ਚਲਾਉਣ ਲਈ ਉਪਰੇਸ਼ਨਲ ਕਾਸਟ ਤੇ 2000 ਤੱਕ ਵਿਦਿਆਰਥੀਆਂ ਤੇ ਆਉਣ ਵਾਲੇ ਪੂਰੇ ਖ਼ਰਚੇ ਦਾ ਵੇਰਵਾ ਪਹਿਲੀ ਧਿਰ ਵਲੋਂ ਦੂਜੀ ਧਿਰ ਨੂੰ ਦਿੱਤਾ ਜਾਵੇਗਾ ਅਤੇ ਉਸ ਉਪਰੰਤ ਵਾਕਿਆ ਹੀ ਕੀਤਾ ਗਿਆ ਖਰਚਾ ਜਾਂ 1600/- ਰੁਪਏ ਪ੍ਰਤੀ ਵਿਦਿਆਰਥੀ ਪ੍ਰਤੀ ਮਹੀਨੇ (ਕੇਂਦਰੀ ਵਿਦਿਆਲੇ ਦੇ ਨਾਰਮਜ ਅਨੁਸਾਰ) ਵਿਚੋਂ, ਜੋ ਵੀ ਘੱਟ ਹੋਵੇ, ਦਾ ਹੀ 70% ਹਿੱਸਾ ਬੋਰਡ ਵਲੋਂ ਦਿੱਤਾ ਜਾਵੇਗਾ। ਭਾਵ ਪਹਿਲੀ ਧਿਰ ਅਤੇ ਦੂਜੀ ਧਿਰ ਵਿਚਕਾਰ ਕਰਮਵਾਰ 70: 30 ਦੇ ਅਨੁਪਾਤ ਵਿਚ ਵੰਡਿਆ ਜਾਵੇਗਾ। 2000 ਤੋਂ ਉਪਰ ਬੱਚਿਆ ਦਾ ਸਾਰਾ ਖ਼ਰਚਾ ਦੂਜੀ ਧਿਰ ਖੁਦ ਸਹਿਨ ਕਰੇਗੀ।

iv. ਇਹ ਕਿ ਜੇਕਰ ਪੱਟੇਦਾਤਾ ਆਪਣੀ ਕਮਿਟਮੈਂਟ ਪੂਰੀ ਨਹੀਂ ਕਰਦਾ ਹੈ ਤਾਂ ਪੱਟੇਦਾਰ ਵਿਦਿਆਰਥੀਆਂ ਤੋਂ ਫ਼ੀਸ ਲੈ ਸਕਦਾ ਹੈ, ਪ੍ਰੰਤੂ ਉਹ ਫ਼ੀਸ ਬਾਰੇ ਫੈਸਲਾ ਕਰਨ ਤੋਂ ਪਹਿਲਾਂ ਆਪਣੇ ਬਾਰੇ ਖਰਚੇ ਦਾ ਵੇਰਵਾ ਪੱਟੇਦਾਤਾ ਪਾਸ ਪੇਸ਼ ਕਰੇਗਾ ਅਤੇ ਪੱਟੇਦਾਤਾ ਦੀ ਪ੍ਰਵਾਨਗੀ ਉਪਰੰਤ ਫ਼ੀਸ ਲਵੇਗਾ।

v. ਇਹ ਕਿ ਆਦਰਸ਼ ਸਕੂਲ ਦੇ ਨਾਂ ਵਿੱਚ ਸਰਕਾਰ ਦਾ ਨਾਂ ਪਹਿਲਾਂ ਆਵੇਗਾ ਅਤੇ ਇਸ ਤੋਂ ਬਾਅਦ ਸਬੰਧਤ ਦੂਜੀ ਧਿਰ ਦਾ ਨਾਂ ਅਤੇ ਇਸ ਤੋਂ ਬਾਅਦ ਜਗ੍ਹਾਂ ਦਾ ਨਾਂ ਆਵੇਗਾ।

5. ਇਹ ਕਿ ਜਿਹੜਾ ਵਿਅਕਤੀ ਇਹ ਇਕਰਾਰਨਾਮਾ ਦੂਜੀ ਧਿਰ ਦੀ ਤਰਫੋ ਹਸਤਾਖ਼ਰ ਕਰ ਰਿਹਾ ਹੈ ਉਹ ਪਹਿਲੀ ਧਿਰ ਨੂੰ ਇਹ ਯਕੀਨ ਦੁਆਉਂਦਾ ਹੈ ਕਿ:-

(i) ਕਿ ਉਸ ਨੂੰ ਸੁਸਾਇਟੀ ਅੰਤਰੰਗ ਸਭਾ ਵੱਲੋ ਇਹ ਇਕਰਾਰਨਾਮਾ ਹਸਤਾਖ਼ਰ ਕਰਨ ਲਈ ਮਤੇ ਰਾਹੀ ਅਧਿਕਾਰਤ ਕੀਤਾ ਗਿਆ ਹੈ;

(ii) ਕਿ ਸੁਸਾਇਟੀ ਦਾ ਬੱਜਟ .......... ਕਰੋੜ ਰੁਪਏ ਹੈ;

(iii) ਕਿ ਸੁਸਾਇਟੀ ਦਾ ਕਰ ਰਹਿਤ ਰਿਜ਼ਰਵ..........ਰੁਪਏ ਦਾ ਹੈ;

6. ਕਿ ਸੁਸਾਇਟੀ / ਟਰੱਸਟ , ਵਿਸ਼ਵਾਸ ਅਤੇ ਦਸਤਾਵੇਜ਼ , ਜੋ ਪਹਿਲੀ ਧਿਰ ਵਲੋਂ ਮੰਗੇ ਜਾਦੇ ਹਨ ਜਾਂ ਲੋੜੀਂਦੇ ਹਨ, ਨੂੰ ਅਮਲ ਵਿਚ ਲਿਵਾਂਗਾ:

**ਗਵਾਹਾਂ ਦੀ ਹਾਜ਼ਰੀ ਵਿਚ** ਇਹ ਇਕਰਾਰਨਾਮਾ ਲਿਖਿਆ ਗਿਆ ਹੈ ਅਤੇ ਲਿਖੀ ਮਿਤੀ ਮੁਤਾਬਕ ਹਸਤਾਖ਼ਰ ਗਵਾਹਾਂ ਦੀ ਹਾਜ਼ਰੀ ਵਿਚ ਦਸਤਖ਼ਤ ਕੀਤੇ ਗਏ ਹਨ ।

ਹਸਤਾਖ਼ਰ , ਮੋਹਰਬੰਦ ਕੀਤਾ ਗਿਆ ਅਤੇ ਸੌਂਪਿਆ ਗਿਆ

ਪ੍ਰਾਈਵੇਟ ਪਾਟਨਰਜ਼ ਵਾਸਤੇ ਅਤੇ ਉਸ ਤਰਫੋਂ

ਗਵਾਹ

1..........................

2......................

ਪਹਿਲੀ ਧਿਰ ਵਾਸਤੇ ਅਤੇ ਉਸ ਤਰਫੋਂ

ਮੈਂਬਰ ਸਕੱਤਰ,
ਪੰਜਾਬ ਸਿੱਖਿਆ ਵਿਕਾਸ ਬੋਰਡ

ਗਵਾਹ

1)...............................

2).................................

# ਪਟਾਨਾਮਾ

ਇਹ ਪਟਾਨਾਮਾ ਅੱਜ ਮਿਤੀ ................................ ਨੂੰ ਪੰਜਾਬ ਸਿੱਖਿਆ ਵਿਕਾਸ ਬੋਰਡ ਰਾਹੀ ਮੈਂਬਰ ਸਕੱਤਰ .................................................. (ਜਿਸ ਨੂੰ ਇਸ ਉਪਰੰਤ ਪੱਟੇਦਾਤਾ ਕਿਹਾ ਗਿਆ ਹੈ ) ਅਤੇ ................................................ ................................................, ਜਿਲ੍ਹਾ .................... ਜੋ ਕਿ ਭਾਰਤੀ ਟਰੱਸਟ ਐਕਟ 1823 ਦੀਆਂ ਧਾਰਾਵਾਂ ਤਹਿਤ ਬਤੌਰ ਟਰੱਸਟ ਪੰਜੀਕਰਿਤ ਹੋਈ ਹੈ (ਜਿਸ ਨੂੰ ਇਸ ਉਪਰੰਤ ਪੱਟੇਦਾਰ ਕਿਹਾ ਗਿਆ ਹੈ) ਵਿਚਕਾਰ ਕੀਤਾ ਗਿਆ ਹੈ।

ਹੁਣ ਇਹ ਹੇਠ ਲਿਖੀ ਹਾਮੀ ਭਰਦਾ ਹੈ :-

1. ਪੱਟਾਦਾਤਾ ਅਤੇ ਪੱਟੇਦਾਰ ਵਿਚਕਾਰ ਹੋਏ ਇਕਰਾਰਨਾਮੇ ਮਿਤੀ .................. ਦੇ ਅਨੁਸਾਰ, ਗ੍ਰਾਮ ਪੰਚਾਇਤ ................, ਬਲਾਕ ..........., ਜਿਲ੍ਹਾ ....................... ਦੀ ਜ਼ਮੀਨ ਖੇਵਟ ਨੰ: .............. , ਖਤੌਨੀ ਨੰ:.........., ਖਸਰਾ ਨੰ:.............. ਦਾ .................... ..........................................................................

.........................................................................................................

ਕੁਲ ........... ਕਨਾਲ ........... ਮਰਲੇ (....... ਏਕੜ ....... ਮਰਲੇ ) ਦੀ ਜ਼ਮੀਨ ਜੋ ਇਕਰਾਰਨਾਮੇ ਵਿੱਚ ਵੀ ਦੱਸੀ ਗਈ ਹੈ, ਉਹ ਪੱਟੇਦਾਰ ਨੂੰ ਆਦਰਸ਼ ਸਕੂਲ ਸਥਾਪਤ ਕਰਨ ਲਈ ਇਮਾਰਤ ਅਤੇ ਦੂਜਾ ਬੁਨਿਆਦੀ ਢਾਂਚਾ ਉਸਾਰਨ ਲਈ 50/-ਰੁਪਏ ਪ੍ਰਤੀ ਏਕੜ, ਪ੍ਰਤੀ ਸਾਲ 99 ਸਾਲ ਲਈ ਪੱਟੇ ਤੇ ਦਿੱਤੀ ਗਈ ਹੈ।

2. ਪੱਟੇਦਾਰ ਪੱਟੇਦਾਤਾ ਨਾਲ ਹੇਠ ਲਿਖੇ ਅਨੁਸਾਰ ਇਕਰਾਰ ਕਰਦਾ ਹੈਃ-

(ੳ) ਇਹ ਕਿ ਪੱਟੇਦਾਰ ਇਸ ਜਗ੍ਹਾ ਤੇ ਆਦਰਸ਼ ਸਕੂਲ ਦੀ ਬਿਲਡਿੰਗ ਤਿਆਰ ਕਰੇਗਾ ਅਤੇ ਸਾਰਾ ਸਮਾਨ ਜਿਹੜਾ ਕਿ ਇਸ ਮੰਤਵ ਲਈ ਚਾਹੀਦਾ ਹੋਵੇਗਾ ਮੁਹੱਈਆ ਕਰੇਗਾ ।

(ਅ) ਇਹ ਕਿ ਰਹਿਨ ਕੀਤੀ ਜਗ੍ਹਾ ਕੇਵਲ ਆਦਰਸ਼ ਸਕੂਲ ਤਿਆਰ ਕਰਨ ਲਈ ਹੀ ਵਰਤੀ ਜਾਵੇਗੀ ਅਤੇ ਹੋਰ ਕਿਸੇ ਵੀ ਮੰਤਵ ਲਈ ਨਹੀਂ ਵਰਤੀ ਜਾਵੇਗੀ ।

(ੲ) ਇਹ ਕਿ ਪੱਟੇਦਾਰ ਆਪਣਾ ਅਧਿਕਾਰ ਅਗੇ ਤਬਦੀਲ ਨਹੀ ਕਰੇਗਾ ਅਤੇ ਨਾ ਹੀ ਅਗੇ ਕਿਰਾਏ ਤੇ ਦੇਵੇਗਾ।

(ਸ) ਇਹ ਕਿ ਪੱਟੇਨਾਮਾ ਸਮੇਂ ਤੋਂ ਪਹਿਲਾ ਖ਼ਤਮ ਹੋਣ ਦੀ ਸੂਰਤ ਵਿਚ ਪਟੇਦਾਰ ਇਹ ਜਗ੍ਹਾ ਸਮੇਤ ਇਮਾਰਤ, ਪਾਣੀ ਦੀਆਂ ਪਾਇਪਾਂ ਜਾਂ ਹੋਰ ਕੋਈ ਢਾਂਚਾ ਜੋ ਪਟੇਦਾਰ ਨਾਲ ਸਬੰਧ ਰੱਖਦਾ ਹੋਵੇ ਅਤੇ ਇਸ ਜਗ੍ਹਾਂ ਤੇ ਖੜਾ ਹੋਵੇ ਸਾਤੀ ਪੂਰਵਕ ਪੱਟੇਦਾਤਾ ਨੂੰ ਸੌਂਪ ਦੇਵੇਗਾ , ਜਿਸ ਦੇ ਬਦਲੇ ਪੱਟੇਦਾਰ ਨੂੰ ਇਕਰਾਰਨਾਮੇ ਅਨੁਸਾਰ ਮੁਆਵਜਾਂ ਦਿੱਤਾ ਜਾਵੇਗਾ ।

(ਹ) ਇਹ ਕਿ ਪੱਟੇਦਾਰ ਪਟੇਨਾਮਾ ਖਤਮ ਹੋਣ ਉਪਰੰਤ ਸ਼ਾਂਤੀ ਪੂਰਵਕ ਇਹ ਜਗ੍ਹਾ ਸਮੇਤ ਇਮਾਰਤਾਂ, ਪਾਣੀ ਦੀਆਂ ਪਾਇਪਾਂ ਅਤੇ ਦੂਸਰਾ ਢਾਂਚਾ ਜੋ ਪੱਟੇਦਾਰ ਨਾਲ ਸਬੰਧ ਰੱਖਦਾ ਹੋਵੇ ਅਤੇ ਜੋ ਇਸ ਜ਼ਮੀਨ ਤੇ ਖੜਾ ਹੋਵੇ ਪੱਟੇਦਾਤਾ ਨੂੰ ਸੌਂਪ ਦੇਵੇਗਾ ਅਤੇ ਪੱਟੇਦਾਰ ਨੂੰ ਇਕਰਾਰਨਾਮੇ ਮੁਤਾਬਿਕ ਮੁਆਵਜਾ ਦਿੱਤਾ ਜਾਵੇਗਾ। ਪੱਟੇ ਦੀ ਮਿਆਦ ਪੱਟੇਦਾਤਾ ਅਤੇ ਪੱਟੇਦਾਰ ਦੀ ਆਪਸੀ ਸਹਿਮਤੀ ਨਾਲ ਵਧਾਈ ਜਾ ਸਕਦੀ ਹੈ।

3. ਪੱਟਾਦਾਤਾ ਵੀ ਹੇਠ ਲਿਖੇ ਅਨੁਸਾਰ ਇਕਰਾਰ ਕਰਦਾ ਹੈ:

ੳ) ਇਹ ਕਿ ਪੱਟੇਦਾਤਾ ਦੁਆਰਾ ਜੋ ਜ਼ਮੀਨ ਪੱਟੇ ਤੇ ਦਿੱਤੀ ਜਾ ਰਹੀ ਹੈ, ਉਸ ਨੂੰ ਪੱਟੇ ਤੇ ਦੇਣ ਦੇ ਪੂਰਨ ਅਧਿਕਾਰ ਉਸ ਕੋਲ ਹਨ ਅਤੇ ਇਹ ਜ਼ਮੀਨ ਹਰ ਪੱਖੋ ਜੋ ਕਿਸੇ ਵੀ ਕਿਸਮ ਦਾ ਹੋਵੇ ਭਾਰ ਮੁਕਤ ਹੈ।

ਅ) ਇਹ ਕਿ ਪੱਟੇ ਤੇ ਦਿੱਤੀ ਜਾ ਰਹੀ ਜ਼ਮੀਨ ਤੇ ਕੋਈ ਕਾਨੂੰਨੀ , ਅੱਰਧ ਕਾਨੂੰਨੀ, ਪ੍ਰਸ਼ਾਸਨਿਕ ਸਾਲਸੀ ਸੁਲਾਸਫਾਈ , ਬਿਚੋਲਗੀ ਜਾਂ ਕਿਸੇ ਹੋਰ ਤਰ੍ਹਾਂ ਦੀਆਂ ਪ੍ਰੋਸੀਡਿੰਗ ਲੰਬਿਤ ਨਹੀ ਹਨ।

4. ਬਸ਼ਰਤੇ ਕਿ ਹਮੇਸ਼ਾ ਲਈ ਇਹ ਹੇਠ ਲਿਖੇ ਅਨੁਸਾਰ ਮੰਨਿਆ ਜਾਂਦਾ ਹੈ :-

1) ਇਹ ਕਿ ਪੱਟੇਦਾਰ ਵੱਲੋ ਜਦੋਂ ਵੀ, ਇਕਰਾਰਨਾਮੇ ਮਿਤੀ ...................... ਜਿਸ ਰਾਹੀ ਪੱਟੇਦਾਰ ਵੱਲੋ ਆਦਰਸ਼ ਸਕੂਲ ਸਥਾਪਿਤ ਕਰਨਾ ਮੰਨਿਆ ਗਿਆ ਹੈ, ਦੀ ਕਿਸੇ ਵੀ ਸ਼ਰਤ ਦੀ ਉਲੰਘਣਾ ਕੀਤੀ ਜਾਦੀ ਹੈ ਤਾਂ ਪੱਟੇਦਾਰ ਨੂੰ ਇਹ ਪੂਰਾ ਹੱਕ ਹੋਵੇਗਾ ਕਿ ਉਹ ਇਸ ਜਮੀਨ ਨੂੰ ਮੁੜ ਵਾਪਿਸ ਲੈ ਸਕਦਾ ਹੈ ਅਤੇ ਇਸ ਪੱਟੇ ਨੂੰ ਖ਼ਤਮ ਕਰ ਸਕਦਾ ਹੈ ।

(2) ਇਹ ਕਿ ਜਦੋਂ ਕਦੇ ਵੀ ਕਿਸੇ ਵੀ ਵਿਲੇਖ ਜਾਂ ਇਕਰਨਾਮੇ ਵਿਚ ਦਰਜ ਕਾਨੂੰਨੀ ਤੌਰ ਤੇ ਸੰਭਵ ਪੂਰੇ ਖੇਤਰ ਦਰਸਾਉਣ ਲਈ ਕੋਈ, ਭਾਵ ਅਰਥ ਦੀ ਲੋੜ ਹੋਵੇਗੀ ਤਾਂ ਇਸ ਤੋਂ ਪਹਿਲਾਂ ਇਸਤੇਮਾਲ ਕੀਤੇ ਗਏ ਸ਼ਬਦ ਪੱਟਾਦਾਤਾ ਅਤੇ ਪੱਟੇਦਾਰ, ਉਹਨ੍ਹਾਂ ਦੇ ਵਾਰਸ ਤਕਮੀਲ ਕਰਤਾ /ਪ੍ਰਬੰਧਕ ਅਤੇ ਪ੍ਰਵਾਨਤ ਸਪੁਰਦਦਾਰ ਸ਼ਾਮਲ ਹੋਣਗੇ ।

(3) ਬਸ਼ਰਤੇ ਕਿ ਪੱਟੇਦਾਤਾ ਦਾ ਇਹ ਹੱਕ ਰਾਖਵਾ ਰੱਖਦਾ ਹੈ ਕਿ ਉਸ ਨੂੰ ਕੋਈ ਵੀ ਹਦਾਇਤ ਦੇਣ ਦਾ ਹੱਕ ਹੋਵੇਗਾ ਜੇਕਰ ਪੰਜਾਬ ਸਰਕਾਰ ਆਜਿਹਾ ਕਰਨ ਲਈ ਪੱਟੇਦਾਤਾ ਨੂੰ ਕੋਈ ਦਿਸ਼ਾ ਨਿਰਦੇਸ਼ ਦੇਵੇ ।

ਗਵਾਹਾਂ ਦੀ ਹਾਜ਼ਰੀ ਵਿਚ ਇਹ ਦਸਤਾਵੇਜਾਂ ਨੂੰ ਲਿਖਿਆ ਗਿਆ ਹੈ। ਉਪਰ ਲਿਖੀ ਤਾਰੀਖ ਮੁਤਾਬਕ ਅਤੇ ਹਸਤਾਖ਼ਰ ਕੀਤੇ ਗਏ ਹਨ ।

ਹਸਤਾਖਰ , ਮੋਹਰਬੰਦ ਕੀਤਾ ਗਿਆ ਅਤੇ ਸੌਂਪਿਆ ਗਿਆ

ਪ੍ਰਾਈਵੇਟ ਪਾਰਟਨਰਜ਼ ਵਾਸਤੇ ਅਤੇ ਉਸ ਤਰਫੋਂ                 ਪਹਿਲੀ ਧਿਰ ਵਾਸਤੇ ਅਤੇ ਉਸ ਤਰਫੋਂ

ਗਵਾਹ                                          ਮੈਂਬਰ ਸਕੱਤਰ, ਪੰਜਾਬ ਸਿੱਖਿਆ ਵਿਕਾਸ ਬੋਰਡ

1..........................

2..................................